# CS (Main) Exam,2021

HXS-C-PNJB

# ਪੰਜਾਬੀ / PUNJABI

## ( ਲਾਜ਼ਮੀ ) / ( Compulsory )

ਨਿਰਧਾਰਿਤ ਸਮਾਂ : **ਤਿੰਨ ਘੰਟੇ**
*Time Allowed :* ***Three*** *Hours*

ਕੁੱਲ ਅੰਕ : **300**
*Maximum Marks :* ***300***

## ਪ੍ਰਸ਼ਨ ਪੱਤਰ ਲਈ ਵਿਸ਼ੇਸ਼ ਹਿਦਾਇਤਾਂ

***ਕ੍ਰਿਪਾ ਕਰਕੇ ਪ੍ਰਸ਼ਨਾਂ ਦਾ ਉੱਤਰ ਦੇਣ ਤੋਂ ਪਹਿਲਾਂ, ਨਿਮਨ ਲਿਖਿਤ ਹਦਾਇਤਾਂ ਨੂੰ ਧਿਆਨ ਨਾਲ ਪੜ੍ਹੋ :***

ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਜ਼ਰੂਰੀ ਹਨ ।

ਹਰ ਪ੍ਰਸ਼ਨ ਦੇ ਅੰਕ, ਉਸ ਪ੍ਰਸ਼ਨ ਦੇ ਸਾਹਮਣੇ ਦਿੱਤੇ ਗਏ ਹਨ ।

ਜੇ ਪ੍ਰਸ਼ਨ ਬਾਰੇ ਕੋਈ ਹੋਰ ਨਿਰਦੇਸ਼ ਨਹੀਂ ਦਿੱਤਾ ਗਿਆ ਤਾਂ ਉਸ ਦਾ ਉੱਤਰ, **ਪੰਜਾਬੀ (ਗੁਰਮੁਖੀ ਲਿਪੀ)** ਵਿੱਚ ਹੀ ਲਿਖੋ ।

ਜੇ ਪ੍ਰਸ਼ਨ ਦੇ ਉੱਤਰ ਦੀ ਕੋਈ ਸ਼ਬਦ-ਸੀਮਾ ਦਿੱਤੀ ਗਈ ਹੈ, ਤਾਂ ਉਸਦਾ ਪਾਲਨ ਕਰੋ । ਜੇ ਉੱਤਰ ਬਹੁਤ ਲੰਮਾ ਜਾਂ ਫਿਰ ਬਹੁਤ ਛੋਟਾ ਹੋਇਆ, ਤਾਂ ਅੰਕ ਕੱਟੇ ਜਾ ਸਕਦੇ ਹਨ ।

ਉੱਤਰ-ਕਾਪੀ ਦੇ ਖ਼ਾਲੀ ਰਹਿ ਗਏ ਹਰ ਪੰਨੇ ਨੂੰ ਜ਼ਰੂਰ ਕੱਟਿਆ ਜਾਏ ।

## Question Paper Specific Instructions

***Please read each of the following instructions carefully before attempting questions :***

*All questions are to be attempted.*

*The number of marks carried by a question / part is indicated against it.*

*Answers must be written in* ***PUNJABI (Gurumukhi script)*** *unless otherwise directed in the question.*

*Word limit in questions, wherever specified, should be adhered to and if answered in much longer or shorter than the prescribed length, marks may be deducted.*

*Any page or portion of the page left blank in the Question-cum-Answer Booklet must be clearly struck off.*

**Q1. ਹੇਠ ਲਿਖਿਆਂ ਵਿਚੋਂ ਕਿਸੇ *ਇਕ* ਬਾਰੇ 600 ਸ਼ਬਦਾਂ ਦਾ ਨਿਬੰਧ ਲਿਖੋ :** *100*

(a) ਬੱਚਿਆਂ ਵਿਚ ਕੁਪੋਸ਼ਣ ਦੀ ਸਮੱਸਿਆ

(b) ਵਿਸ਼ਵ ਸ਼ਾਂਤੀ ਦੀਆਂ ਚੁਣੌਤੀਆਂ

(c) ਮਾਤ-ਭਾਸ਼ਾ ਅਤੇ ਮੁਢਲੀ ਸਿੱਖਿਆ

(d) ਕਿਰਾਏ ਦੀ ਕੁੱਖ ਦੀ ਸਮਾਜਕ ਪ੍ਰਵਾਨਗੀ

**Q2. ਹੇਠ ਲਿਖੇ ਵਾਰਤਕ-ਟੋਟੇ ਨੂੰ ਧਿਆਨ ਨਾਲ ਪੜ੍ਹੋ ਅਤੇ ਉਸ ਦੇ ਆਧਾਰ 'ਤੇ ਹੇਠਾਂ ਦਿੱਤੇ ਗਏ ਪ੍ਰਸ਼ਨਾਂ ਦੇ ਸੰਖੇਪ ਉੱਤਰ, ਸਹੀ ਅਤੇ ਸਪਸ਼ਟ ਭਾਸ਼ਾ ਵਿਚ ਦਿਉ :** *12×5=60*

ਪ੍ਰਾਚੀਨ ਭਾਰਤ ਵਿਚ ਰਾਜਸ਼ਾਹੀ ਦਾ ਏਨਾ ਪ੍ਰਭਾਵ ਸੀ ਕਿ ਰਾਜੇ ਨੂੰ ਰਾਜ ਦੀ ਆਤਮਾ ਕਿਹਾ ਗਿਆ । ਪ੍ਰਾਚੀਨ ਧਾਰਮਿਕ ਗ੍ਰੰਥਾਂ ਅਨੁਸਾਰ ਰਾਜਾ, ਪ੍ਰਜਾ ਲਈ ਰੱਬ ਦਾ ਦੂਤ ਹੈ, ਤਾਂ ਜੋ ਪ੍ਰਜਾ ਉਸਦੀ ਸਹਾਇਤਾ ਦੇ ਨਾਲ, ਆਪਣੇ ਜੀਵਨ ਦੇ ਦੁੱਖਾਂ ਤੋਂ ਛੁਟਕਾਰਾ ਪਾ ਸਕੇ । ਰਾਜੇ ਤੋਂ ਵਿਹੂਣੇ ਸਮਾਜ ਦਾ ਜੀਵਨ, ਕਸ਼ਟਮਈ ਹੁੰਦਾ ਹੈ । ਪੁਰਾਤਨ ਭਾਰਤੀ ਵਿਦਵਾਨਾਂ ਨੇ ਰਾਜੇ ਜਾਂ ਰਾਜ ਦੀ ਉਤਪਤੀ ਬਾਰੇ ਸਮੇਂ ਸਮੇਂ ਆਪਣੇ ਵਿਚਾਰ ਪ੍ਰਗਟਾਏ ਹਨ । ਇਨ੍ਹਾਂ ਵਿਚਾਰਾਂ ਨੂੰ ਵੱਖ ਵੱਖ ਸਿਧਾਂਤਾਂ ਦੇ ਰੂਪ ਵਿਚ ਐਲਾਨਿਆ ਗਿਆ ਹੈ, ਜਿਵੇਂ ਕਿ — ਦੈਵੀ ਸਿਧਾਂਤ, ਸ਼ਕਤੀ ਦਾ ਸਿਧਾਂਤ, ਸੁਰੱਖਿਆ ਦਾ ਸਿਧਾਂਤ ਅਤੇ ਸਮਾਜਿਕ ਸਮਝੌਤੇ ਦਾ ਸਿਧਾਂਤ ਆਦਿ ।

ਕੌਟਲਿਯਾ ਨੇ ਰਾਜ ਨੂੰ ਮਾਨਵ ਜੀਵਨ ਦੇ ਲਈ ਇਕ ਮਹੱਤਵਪੂਰਨ, ਜ਼ਰੂਰੀ ਅਤੇ ਕਲਿਆਣਕਾਰੀ ਸੰਸਥਾ ਮੰਨਿਆ ਹੈ । ਉਸਨੇ ਰਾਜੇ ਦੀ ਉਤਪਤੀ ਦਾ ਕ੍ਰਮਬੱਧ ਵਿਸ਼ਲੇਸ਼ਣ ਨਹੀਂ ਕੀਤਾ, ਪਰ ਉਸਦੇ 'ਅਰਥਸ਼ਾਸਤਰ' ਵਿਚ ਸਪਸ਼ਟ ਵਰਣਨ ਹੈ ਕਿ ਜਿਵੇਂ ਵੱਡੀ ਮੱਛੀ, ਛੋਟੀ ਮੱਛੀ ਨੂੰ ਨਿਗਲ ਜਾਂਦੀ ਹੈ, ਠੀਕ ਉਸੇ ਤਰ੍ਹਾਂ, ਪ੍ਰਾਚੀਨ ਸਮਿਆਂ ਵਿਚ ਬਲਵਾਨ ਲੋਕ ਕਮਜ਼ੋਰ ਲੋਕਾਂ ਨੂੰ ਸਤਾਇਆ ਕਰਦੇ ਸਨ । ਇਸ ਤਰ੍ਹਾਂ ਦੇ ਪੱਖਪਾਤੀ ਨਿਆਂ (ਮੱਛੀ ਨਿਆਂ) ਜਾਂ ਦੂਸਰੇ ਲਫ਼ਜ਼ਾਂ ਵਿਚ ਜੰਗਲ-ਰਾਜ ਦੇ ਨਿਆਂ ਵਾਂਗ ਲੋਕਾਂ ਨੂੰ ਬੇਇਨਸਾਫ਼ੀ ਨਾਲ ਸਤਾਇਆ ਜਾਂਦਾ ਸੀ । ਪੀੜਤ ਲੋਕਾਂ ਨੇ ਮਿਲ ਕੇ, ਇਕ ਸਮਰੱਥ ਮਨੁੱਖ ਨੂੰ ਆਪਣਾ ਰਾਜਾ ਬਣਾ ਲਿਆ । ਉਨ੍ਹਾਂ ਨੇ ਆਪਣੀ ਖੇਤੀ ਦੀ ਉਪਜ ਦਾ ਛੇਵਾਂ ਹਿੱਸਾ ਅਤੇ ਵਪਾਰ ਤੋਂ ਹੋਣ ਵਾਲੀ ਆਮਦਨ ਦਾ ਦਸਵਾਂ ਹਿੱਸਾ, ਰਾਜੇ ਨੂੰ ਟੈੱਕਸ ਦੇ ਰੂਪ ਵਿਚ ਦੇਣ ਦਾ ਫ਼ੈਸਲਾ ਕਰ ਲਿਆ । ਇਸ ਦੇ ਇਵਜ਼ ਵਿਚ ਰਾਜੇ ਨੇ, ਪ੍ਰਜਾ ਦੇ ਕਲਿਆਣ ਦੀ ਜ਼ਿੰਮੇਵਾਰੀ ਪ੍ਰਵਾਨ ਕਰ ਲਈ । ਜਿਹੜੇ ਲੋਕ, ਰਾਜੇ ਦੁਆਰੇ ਸਥਾਪਿਤ ਨਿਯਮਾਂ ਨੂੰ ਨਹੀਂ ਮੰਨਦੇ ਸਨ, ਉਨ੍ਹਾਂ ਨੂੰ ਰਾਜਾ ਸਜ਼ਾ ਦਿੰਦਾ ਸੀ । ਰਾਜੇ ਨੂੰ ਇੰਦਰ ਅਤੇ ਯਮ ਵਾਂਗ ਪ੍ਰਜਾ ਦਾ ਰੱਖਵਾਲਾ ਅਤੇ ਸਰਪ੍ਰਸਤ ਮੰਨਿਆ ਗਿਆ ਹੈ । ਕੌਟਲਿਯਾ ਅਨੁਸਾਰ, ਰਾਜੇ ਦੀ ਹੁਕਮ-ਅਦੂਲੀ ਤੇ ਬੇਇਜ਼ਤੀ ਕਰਨ ਦੀ ਮਨਾਹੀ ਹੈ ।

ਜਿਸ ਸਮਾਜ ਵਿਚ ਰਾਜਾ, ਲੋਕਾਂ ਨੂੰ ਸੁਰੱਖਿਆ ਪ੍ਰਦਾਨ ਕਰਦਾ ਸੀ, ਉਥੇ ਲੋਕ ਆਪਣੇ ਘਰਾਂ ਦੇ ਬੂਹੇ ਖੁੱਲ੍ਹੇ ਛੱਡ ਕੇ, ਇਧਰ-ਉਧਰ ਨਿਰਭਉ ਹੋਕੇ ਘੁੰਮਦੇ ਸਨ । ਜਦੋਂ ਰਾਜਾ ਸੁਰੱਖਿਆ ਦਿੰਦਾ ਹੈ, ਉਦੋਂ ਔਰਤਾਂ ਇੱਕਲੀਆ ਹੀ ਗਹਿਣੇ ਪਾਕੇ ਬੇਖੌਫ਼ ਹੋ ਕੇ ਇਧਰ-ਉਧਰ ਘੁੰਮਦੀਆਂ ਹਨ । ਰਾਜੇ ਦੁਆਰਾ ਸੁਰੱਖਿਅਤ ਸਮਾਜ ਵਿਚ ਇਨਸਾਨੀਅਤ ਦਾ ਰਾਜ ਹੁੰਦਾ ਹੈ । ਅਜਿਹੇ ਰਾਜ ਵਿਚ ਹਰ ਪੱਖ ਦੀ ਉੱਨਤੀ ਹੁੰਦੀ ਹੈ । ਦੂਸਰੇ ਪ੍ਰਾਚੀਨ ਗ੍ਰੰਥਾਂ ਵਾਂਗ ਕੌਟਲਿਯਾ ਦੇ 'ਅਰਥਸ਼ਾਸਤਰ' ਵਿਚ ਵੀ, ਇਸ ਸੱਚਾਈ ਨੂੰ ਬਿਆਨ ਕੀਤਾ ਗਿਆ ਹੈ । ਸ਼ੁਰੂ ਸ਼ੁਰੂ ਵਿਚ ਰਾਜੇ ਦਾ ਖ਼ਿਤਾਬ, ਸਥਾਈ ਨਹੀਂ ਸੀ, ਨਾ ਹੀ ਉਸ ਦੀਆਂ ਸ਼ਕਤੀਆਂ ਬੇਲਗ਼ਾਮ ਸਨ । ਪ੍ਰੰਤੂ ਉੱਤਰ-ਵੈਦਿਕ ਕਾਲ ਵਿਚ, ਜਿਉਂ ਜਿਉਂ ਰਾਜ ਦੀਆਂ ਸਰੱਹਦਾਂ ਦਾ ਵਿਸਤਾਰ ਹੋਇਆ, ਤਿਉਂ ਤਿਉਂ ਰਾਜੇ ਦੇ ਅਧਿਕਾਰਾਂ ਅਤੇ ਜਲੌਅ ਵਿਚ ਵਾਧਾ ਹੁੰਦਾ ਗਿਆ । ਪ੍ਰਜਾ ਦੀ ਸੁਰੱਖਿਆ ਨਾਲੋਂ, ਰਾਜੇ ਦੀ ਰੱਖਿਆ ਉਪਰ ਵਧੇਰੇ ਧਿਆਨ ਦਿੱਤਾ ਜਾਣ ਲੱਗਾ । ਰਾਜੇ ਦੀ ਪਦਵੀ ਦੇ ਸਨਮਾਨ ਅਨੁਰੂਪ, ਉਸਦੀ ਸ਼ਾਨੋ-ਸ਼ੌਕਤ ਅਤੇ ਜਲੌਅ ਦੇ ਵਿਖਾਵੇ ਵਲ ਵੱਧ ਧਿਆਨ ਦਿੱਤਾ ਜਾਣ ਲੱਗਾ । 'ਸ਼ੁਕਰ-ਸ਼ਾਸਤਰ' 'ਚ ਇਸ ਤੱਥ ਦਾ ਵਿਸਥਾਰ ਸਹਿਤ ਵਰਣਨ ਕੀਤਾ ਗਿਆ ਹੈ ।

(a) ਰਾਜੇ ਅਤੇ ਰਾਜ ਬਾਰੇ ਪ੍ਰਾਚੀਨ ਧਾਰਣਾ ਕੀ ਹੈ ? *12*

(b) 'ਮੱਛੀ ਨਿਆਂ' ਦੇ ਅਨਿਆਂ ਤੋਂ ਕੀ ਭਾਵ ਹੈ ? *12*

(c) ਰਾਜੇ ਅਤੇ ਪ੍ਰਜਾ ਦੇ ਆਪਸੀ ਸੰਬੰਧਾਂ ਦਾ ਆਧਾਰ ਕੀ ਹੈ ? *12*

(d) 'ਇਨਸਾਨੀਅਤ ਦੇ ਰਾਜ' ਤੋਂ ਕੀ ਭਾਵ ਹੈ ? *12*

(e) ਉੱਤਰ-ਵੈਦਿਕ ਕਾਲ ਦੇ ਦੌਰਾਨ, ਪ੍ਰਜਾ ਦੀ ਸਥਿਤੀ ਵਿਚ ਕੀ ਤਬਦੀਲੀ ਆਈ ? *12*

**Q3. ਹੇਠ ਲਿਖੇ ਵਾਰਤਕ-ਟੋਟੇ ਦਾ ਸੰਖੇਪ-ਸਾਰ ਲਗਭਗ ਇਕ ਤਿਹਾਈ ਸ਼ਬਦਾਂ ਵਿਚ ਲਿਖੋ । ਸਿਰਲੇਖ ਦੇਣ ਦੀ ਜ਼ਰੂਰਤ ਨਹੀਂ ਹੈ । ਸੰਖੇਪ-ਸਾਰ ਨੂੰ ਆਪਣੇ ਸ਼ਬਦਾਂ ਵਿਚ ਲਿਖੋ :** ***60***

ਰਾਜਾ ਰਾਮਮੋਹਨ ਰਾਏ ਦੀਆਂ ਸਰਗਰਮੀਆਂ ਦੇ ਵਿਰੋਧੀ ਭਾਰਤੀ ਵਪਾਰੀਆਂ ਨੇ, ਬ੍ਰਹਮੋ-ਸਮਾਜ ਦੇ ਪ੍ਰਭਾਵ ਨੂੰ ਖ਼ਤਮ ਕਰਨ ਲਈ 1830 ਈ. ਵਿਚ, ਇਕ ਧਰਮ ਸਮਾਜ ਨਾਂ ਦੀ ਸੰਸਥਾ ਸਥਾਪਿਤ ਕੀਤੀ । ਇਸੇ ਸਮੇਂ ਦੇ ਦੌਰਾਨ ਹੈਨਰੀ ਡੇਰੇਜ਼ਿਉ ਨੇ ਆਧੁਨਿਕ ਵਿਚਾਰਾਂ ਦੇ ਪ੍ਰਚਾਰ-ਪ੍ਰਸਾਰ ਲਈ ਹਿੰਦੂ ਕਾਲਜ ਵਿਚ ਅਕਾਦਮਿਕ ਐਸੋਸਿਏਸ਼ਨ ਬਣਾਈ । ਇਹ ਜੱਥੇਬੰਦੀ, ਅਜਿਹੀਆਂ ਹੋਰ ਜੱਥੇਬੰਦੀਆਂ ਨਾਲੋਂ ਵਧੇਰੇ ਮਜ਼ਬੂਤ ਸੀ, ਜਿਹੜੀਆਂ ਪਤਨਮੁਖੀ ਪਰੰਪਰਾਵਾਂ ਅਤੇ ਅੰਧ-ਵਿਸ਼ਵਾਸਾਂ ਦਾ ਵਿਰੋਧ ਕਰਦੀਆਂ ਸਨ ।

ਇਸੇ ਜੱਥੇਬੰਦੀ ਵਿਚੋਂ ਹੀ ਯੁਵਾ ਬੰਗਾਲ ਨਾਮੀ ਜੱਥੇਬੰਦੀ ਹੋਂਦ ਵਿਚ ਆਈ । ਹਿੰਦੂ ਕਾਲਜ ਦੇ ਮੁਲਾਜ਼ਮਾਂ ਵੱਲੋਂ ਪੈਦਾ ਕੀਤੀਆਂ ਸਮੱਸਿਆਵਾਂ ਕਾਰਨ, ਇਹ ਜੱਥੇਬੰਦੀ ਬਿਖਰ ਗਈ । ਬਾਅਦ ਇਹ ਇਸ ਦੇ ਮੈਂਬਰ ਬ੍ਰਹਮੋ-ਸਮਾਜ ਵਿਚ ਸ਼ਾਮਿਲ ਹੋ ਗਏ । ਰਾਜਾ ਰਾਮਮੋਹਨ ਰਾਏ ਦੀ ਮੌਤ ਤੋਂ ਬਾਅਦ, ਇਸ ਜੱਥੇਬੰਦੀ ਦੀ ਅਗਵਾਈ, ਇਕ ਪ੍ਰਸਿੱਧ ਬੰਗਾਲੀ ਵਪਾਰੀ ਦੁਆਰਕਾ ਨਾਥ ਠਾਕੁਰ ਦੇ ਹੱਥਾਂ ਵਿਚ ਆ ਗਈ । ਉਨੀਵੀਂ ਸਦੀ ਦੇ ਚੌਥੇ ਅਤੇ ਪੰਜਵੇਂ ਦਹਾਕੇ ਦੇ ਦੌਰਾਨ, ਬੰਗਾਲ ਵਿਚ ਗਿਆਨ ਦੇ ਪ੍ਰਸਾਰ ਲਈ ਅਜਿਹੀਆਂ ਕਈ ਸਮਾਜਿਕ ਜੱਥੇਬੰਦੀਆਂ, ਇਕ ਤੋਂ ਬਾਅਦ ਇਕ-ਇਕ ਕਰਕੇ ਹੋਂਦ ਵਿਚ ਆਈਆਂ । ਆਖ਼ਰ, 1851 ਈ. ’ਚ ਕੋਲਕੱਤਾ ਵਿਖੇ ਰਾਸ਼ਟਰੀ ਪੱਧਰ ਦੀ ਰਾਜਸੀ ਜੱਥੇਬੰਦੀ — ਬ੍ਰਿਟਿਸ਼ ਇੰਡੀਅਨ ਐਸੋਸੀਏਸ਼ਨ ਸਥਾਪਿਤ ਕੀਤੀ ਗਈ ।

ਇਸੇ ਤਰ੍ਹਾਂ ਦੀਆਂ ਘਟਨਾਵਾਂ ਬੰਬਈ ਵਿਚ ਵੀ ਵੇਖੀਆਂ ਗਈਆਂ ਦੇਸ਼ ਦੇ ਇਸ ਖਿੱਤੇ ਵਿਚ, ਅਮੀਰ ਅਤੇ ਸਤਿਕਾਰਤ ਪਾਰਸੀ, ਅਜਿਹੇ ਅੰਦੋਲਨਾਂ ਦੀ ਅਗਵਾਈ ਕਰ ਰਹੇ ਸਨ । ਇਹ ਪਾਰਸੀ ਬਸਤੀਵਾਦੀ ਸਰਕਾਰ ਦੇ ਸਮਰਥਕ ਸਨ । ਇਹ ਨੌਜਵਾਨ, ਉਭਰ ਰਹੇ ਮਹਾਂਰਾਸ਼ਟਰੀ ਬੁੱਧਜੀਵੀ ਸਨ, ਜੋ ਇਲਫਿਨਸਟਨ ਕਾਲਜ ਨਾਲ ਸੰਬੰਧਤ ਸਨ, ਜਿਹੜਾ ਕਿ ਪੱਛਮੀ ਸਿੱਖਿਆ ਪਰੰਪਰਾਵਾਂ ਅਨੁਸਾਰ ਚਲਦਾ ਸੀ । ਇਨ੍ਹਾਂ ਬੁੱਧੀਜੀਵੀਆਂ ਵਿਚੋਂ ਪ੍ਰਮੁੱਖ ਸਨ ਬਾਲਸ਼ਾਸਤਰੀ ਜਾਂਬੇਕਰ, ਜਿਸਨੇ ਅੰਗਰੇਜ਼ੀ-ਮਰਾਠੀ ਸਪਤਾਹਿਕ ‘ਬੰਬਈ ਦਰਪਨ’ ਦੀ ਸਥਾਪਨਾ ਕੀਤੀ, ਜਿਸਨੇ ਆਪਣੇ ਦੇਸ਼ ਦੇ ਪ੍ਰਸ਼ਾਸ਼ਨ ਵਿਚ ਭਾਰਤੀਆਂ ਦੀ ਭਾਗੀਦਾਰੀ ਦੀ ਵਕਾਲਤ ਕੀਤੀ । ਇਹ ਟੈਕਸ ਅਤੇ ਫ਼ੀਸਾਂ ਆਦਿ ਥੋਪਣ ਦੀ, ਬਸਤੀਵਾਦੀ ਨੀਤੀ ਦੀ ਆਲੋਚਨਾ ਕਰਦਾ ਸੀ; ਇਕ ਹੋਰ ਬੁੱਧੀਜੀਵੀ ਰਾਮਕ੍ਰਿਸ਼ਨ ਵਿਸ਼ਵਨਾਥ ਸੀ, ਜਿਸ ਨੇ ਮਰਾਠੀ ਭਾਸ਼ਾ ਵਿਚ ਭਾਰਤ ਦੇ ਇਤਿਹਾਸ ਬਾਰੇ ਇਕ ਕਿਤਾਬ ਲਿਖੀ, ਜਿਸ ਵਿਚ ਭਾਰਤ ’ਚ ਬ੍ਰਿਟਿਸ਼-ਨੀਤੀਆਂ ਦੀ ਆਲੋਚਨਾ ਕੀਤੀ ਗਈ । ਹਾਲਾਂਕਿ, ਉਸ ਦਾ ਵਿਚਾਰ ਸੀ ਕਿ ਜੇਕਰ ਅੰਗਰੇਜ਼ਾਂ ਅਤੇ ਭਾਰਤੀਆਂ ਵਿਚ ਨਿਕਟ ਸੰਬੰਧ ਹੋਣ ਤਾਂ ਸਭ ਕੁਝ ਠੀਕ ਹੋ ਸਕਦਾ ਹੈ; ਗੋਪਾਲ ਹਰੀ ਦੇਸ਼ਮੁਖ, ਇਕ ਹੋਰ ਮਹਾਂਰਾਸ਼ਟਰੀ ਬੁੱਧੀਜੀਵੀ ਸੀ, ਜਿਹੜਾ ਪੂਨੇ ਤੋਂ ਛਪਦੇ ‘ਪ੍ਰਭਾਕਰ’ ਵਿਚ ਲੋਕ-ਹਿਤਵਾਦੀ ਨਾਮ ਹੇਠ ਲੇਖ ਲਿਖਦਾ ਸੀ, ਜਿਨ੍ਹਾਂ ਵਿਚ ਭਾਰਤ ਦੀ ਅਜ਼ਾਦੀ ਦੇ ਖ਼ਤਮ ਹੋ ਜਾਣ ਦੇ ਕਾਰਨਾਂ ਦਾ ਵਿਸ਼ਲੇਸ਼ਣ ਹੁੰਦਾ ਸੀ । ਉਸ ਦੀ ਰਾਇ ਅਨੁਸਾਰ, ਭਾਰਤ ਦੀ ਆਜ਼ਾਦੀ ਦੇ ਖ਼ਤਮ ਹੋ ਜਾਣ ਦੇ ਦੋ ਪ੍ਰਮੁਖ ਕਾਰਨ ਹਨ; ਸਾਮੰਤਵਾਦੀ ਪਰੰਪਰਾਵਾਂ ਦਾ ਪਾਲਣ ਅਤੇ ਭਾਰਤ ਦੀਆਂ ਉੱਚੀਆਂ ਸ਼੍ਰੇਣੀਆਂ ਅਤੇ ਆਮ ਜਨਤਾ ਨੂੰ ਇਕ-ਦੂਜੇ ਤੋਂ ਅੱਲਗ ਕਰਨ ਵਾਲੀ ਦਰਾੜ ।

1852 ਈ. ਵਿਚ ਸਥਾਪਿਤ ਹੋਈ ਬੰਬਈ ਐਸੋਸੀਏਸ਼ਨ ਦੇ ਮੈਂਬਰਾਂ ਵਿਚ ਉਸ ਵੇਲੇ ਵੱਡਾ ਵਿਵਾਦ ਖੜ੍ਹਾ ਹੋ ਗਿਆ, ਜਦੋਂ ਨੌਜਵਾਨ ਵਿਦਿਆਰਥੀਆਂ ਨੇ ਭਾਰਤੀ ਲੋਕਾਂ ਲਈ, ਅੰਗਰੇਜ਼ਾਂ ਦੇ ਬਰਾਬਰ ਦੇ ਅਧਿਕਾਰਾਂ ਦੀ ਮੰਗ ਕੀਤੀ । ਨਤੀਜੇ ਵਜੋਂ, ਉੱਚ-ਵਰਗ ਦੇ ਨਰਮਪੰਥੀ ਵਪਾਰੀਆਂ ਨੇ ਆਪਣੇ ਆਪ ਨੂੰ ਇਸ ਜੱਥੇਬੰਦੀ ਨਾਲੋਂ ਅਲੱਗ ਕਰ ਲਿਆ । ਸਿਰਫ ਮਦਰਾਸ ਐਸੋਸੀਏਸ਼ਨ ਨੇ ਹੀ ਜ਼ਿਮੀਂਦਾਰਾਂ ਵਲੋਂ ਕੀਤੇ ਜਾਂਦੇ, ਭਾਰਤੀ ਕਿਸਾਨਾਂ ਦੇ ਸ਼ੋਸਣ ਦਾ ਮਸਲਾ ਉਠਾਇਆ । ਉਸ ਸਮੇਂ ਈਸਟ ਇੰਡੀਆ ਕੰਪਨੀ ਦੇ ਚਾਰਟਰ ਦਾ ਪੁਨਰਮੁੱਲਾਂਕਣ ਹੋ ਰਿਹਾ ਸੀ । ਇਸ ਲਈ, ਇਨ੍ਹਾਂ ਤਿੰਨੋਂ ਜੱਥੇਬੰਦੀਆਂ ਨੇ, ਭਾਰਤ ਵਿਚ ਬਸਤੀਵਾਦੀ ਰਾਜ ਦੀਆਂ 'ਬੇਇਨਸਾਫ਼ੀਆਂ' ਦੇ ਖ਼ਿਲਾਫ਼ ਲੰਡਨ ਵਿਚ ਸਥਿਤ ਸੰਸਦ ਨੂੰ, ਆਪਣੀਆਂ ਯਾਚਕਾਵਾਂ (petitions) ਭੇਜੀਆਂ ।

(496 ਸ਼ਬਦ)

**Q4. ਹੇਠ ਲਿਖੇ ਵਾਰਤਕ-ਟੋਟੇ ਦਾ ਅੰਗਰੇਜ਼ੀ ਵਿਚ ਅਨੁਵਾਦ ਕਰੋ :** *20*

ਹਰੇਕ ਦੇਸ਼ ਦੇ ਇਤਿਹਾਸ ਉੱਤੇ, ਉਸਦੇ ਭੂਗੋਲ ਦਾ ਪ੍ਰਭਾਵ ਪੈਂਦਾ ਹੈ । ਜਿੱਥੋਂ ਤੱਕ ਭਾਰਤ ਦਾ ਸੰਬੰਧ ਹੈ, ਉਸਦੀ ਸੱਭਿਅਤਾ, ਯੁਗਾਂ-ਯੁਗਾਂਤਰਾਂ ਤੋਂ ਸੁਤੰਤਰ ਰੂਪ ਵਿਚ ਵਿਕਸਤ ਹੁੰਦੀ ਰਹੀ ਹੈ । ਉੱਤਰੀ ਭਾਰਤ ਦੇ ਪਹਾੜਾਂ ਦੀਆਂ ਭਿਅੰਕਰ ਰੁਕਾਵਟਾਂ ਅਤੇ ਦੱਖਣ ਦੇ ਸਮੁੰਦਰਾਂ ਕਾਰਨ ਭਾਰਤ, ਬਾਕੀ ਵਿਸ਼ਵ ਨਾਲੋਂ ਕੱਟਿਆ ਰਿਹਾ ਹੈ । ਫਲਸਰੂਪ, ਉਸ ਉਪਰ ਵਧੇਰੇ ਵਿਦੇਸ਼ੀ ਪ੍ਰਭਾਵ ਨਹੀਂ ਪੈ ਸਕਿਆ । ਹਿਮਾਲਿਆ ਪਰਬਤ, ਪੱਛਮ ਤੋਂ ਪੂਰਬ ਤੱਕ ਲਗਭਗ 1600 ਮੀਲ ਲੰਬੀ ਅਤੇ 50 ਮੀਲ ਚੌੜੀ ਇਕ ਦੂਹਰੀ ਦੀਵਾਰ ਹੈ । ਪੂਰਬ ਵਿਚ ਪਤਕੋਈ, ਨਾਗਾ ਅਤੇ ਲੁਸ਼ਾਈ ਦੀਆਂ ਪਹਾੜੀਆਂ ਅਤੇ ਉਨ੍ਹਾਂ ਦੇ ਘਣੇ ਜੰਗਲ, ਅਕਸਰ ਆਵਾਜਾਈ ਅਤੇ ਸੰਪਰਕ ਵਿਚ ਰੁਕਾਵਟ ਪਾਉਂਦੇ ਹਨ । ਪੱਛਮ ਵਾਲੇ ਪਾਸੇ, ਨਿਹਸੰਦੇਹ, ਕੁਝ ਦਰ੍ਹੇ ਜ਼ਰੂਰ ਹਨ; ਜਿਵੇਂ ਖ਼ੈਬਰ ਅਤੇ ਬੋਲਨ, ਜਿਨ੍ਹਾਂ ਰਾਹੀਂ ਵਿਦੇਸ਼ੀ ਆਉਂਦੇ ਸਨ । ਸਮੁੰਦਰ, ਦੱਖਣ ਵਲੋਂ ਭਾਰਤ ਵਿਚ, ਆਸਾਨੀ ਨਾਲ ਆਉਣ-ਜਾਣ ਲਈ ਸਦੀਆਂ ਤੋਂ ਰੁਕਾਵਟ ਬਣਦਾ ਰਿਹਾ ਹੈ । ਪ੍ਰੰਤੂ, ਬਾਅਦ ਵਿਚ ਜ਼ਹਾਜਰਾਨੀ ਵਿਚ ਅਥਾਹ ਤੱਰਕੀ ਹੋਈ । ਨਤੀਜੋਂ ਵਜੋਂ ਸਮੁੰਦਰ, ਵਪਾਰ ਲਈ ਇਕ ਸੌਖਾ ਮਾਰਗ ਬਣ ਗਿਆ । 1498 ਈ. ਵਿਚ ਵਾਸਕੋ-ਦੀ-ਗਾਮਾ ਦੀ ਅਗਵਾਈ ਵਿਚ ਪੁਰਤਗਾਲੀ ਲੋਕ, ਪਹਿਲੀ ਵਾਰ ਸਮੁੰਦਰੀ ਮਾਰਗ ਰਾਹੀਂ ਭਾਰਤ ਵਿਚ ਆਏ । ਉਸ ਤੋਂ ਬਾਅਦ ਡੱਚ, ਫ਼ਰਾਂਸੀਸੀ ਅਤੇ ਅੰਗਰੇਜ਼ ਆਏ । ਭਾਰਤ ਉਪਰ ਆਪੋ ਆਪਣਾ ਅਧਿਕਾਰ ਜਮਾਉਣ ਲਈ, ਇਹ ਲੰਮੇ ਸਮੇਂ ਤੱਕ ਇਕ-ਦੂਜੇ ਨਾਲ ਲੜਦੇ ਰਹੇ । ਇਸ ਲਈ, ਭਾਰਤ ਦੀ ਵਿਸ਼ਵ ਨਾਲੋਂ ਭੂਗੋਲਿਕ ਅਲਿਹਦਗੀ ਕਰਕੇ, ਇਸ ਦੀ ਸੱਭਿਅਤਾ ਉਤੇ ਵਿਦੇਸ਼ੀ ਪ੍ਰਭਾਵ ਬਹੁਤਾ ਨਹੀਂ ਪਿਆ ।

**Q5.** ਹੇਠ ਲਿਖੇ ਵਾਰਤਕ-ਟੋਟੇ ਦਾ ਪੰਜਾਬੀ ਵਿਚ ਅਨੁਵਾਦ ਕਰੋ : *20*

At the stroke of the midnight hour, when the world sleeps, India will awake to life and freedom. A moment comes, when we step out from the old to the new. It is fitting that at this solemn moment we take the pledge of dedication to the service of India. The service of India means the service of the millions who suffer. It means the ending of poverty and ignorance. It means the ending of disease and inequality of opportunity. The ambition of the greatest man of our generation has been to wipe every tear from every eye. That may be beyond us, but as long as there are tears and suffering, so long our work will not be over. This is no time for petty and destructive criticism, no time for ill-will or blaming others. We have to build the noble mansion of free India where all her children may dwell.

It is a fateful moment for us in India, for all Asia and for the world. A new star rises, the star of freedom in the East, a new hope comes into being. May the star never set and that hope never be betrayed !

**Q6.** (a) ਹੇਠ ਲਿਖੇ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ : *1×10=10*

(i) ਕਮਪਿਉਟਰ *1*

(ii) ਟੇਲੀਵਿਜਨ *1*

(iii) ਜਜਬਾ *1*

(iv) ਪਕੋੜਾ *1*

(v) ਵੀਚਿਤਰ *1*

(vi) ਗੁੰਗਾ *1*

(vii) ਵਿਸੇਸਨ *1*

(viii) ਮਿਥਹਾਸ *1*

(ix) ਤਰਿੰਜਨ *1*

(x) ਸ਼ੰਘਰਸ *1*

(b) ਹੇਠ ਲਿਖੇ ਮੁਹਾਵਰਿਆਂ ਤੇ ਅਖਾਣਾਂ ਦੇ ਅਰਥ ਦੱਸ ਕੇ, ਉਨ੍ਹਾਂ ਨੂੰ ਵਾਕਾਂ ਵਿਚ ਵਰਤੋ : *2×5=10*

(i) ਜਿਗਰ ਦਾ ਟੋਟਾ *2*

(ii) ਖ਼ਵਾਜ਼ੇ ਦਾ ਗਵਾਹ ਡੱਡੂ *2*

(iii) ਲੋਹੇ ਦੇ ਚਣੇ ਚਬਾਉਣਾ *2*

(iv) ਘਰ ਦਾ ਭੇਤੀ ਲੰਕਾ ਢਾਹੇ *2*

(v) ਸੱਦੀ ਨਾ ਬੁਲਾਈ, ਮੈਂ ਲਾੜੇ ਦੀ ਤਾਈ *2*

(c) ਹੇਠ ਲਿਖੇ ਅਗੇਤਰ-ਪਿਛੇਤਰ ਲਗਾ ਕੇ ਸ਼ਬਦ ਬਣਾਉ : *1×10=10*

(i) ਅ *1*

(ii) ਦੁਰ *1*

(iii) ਨਿਹ *1*

(iv) ਆਲ *1*

(v) ਦਾਰ *1*

(vi) ਸ਼ਾਹ *1*

(vii) ਅੱਧ *1*

(viii) ਲਾ *1*

(ix) ਵੰਤ *1*

(x) ਪੁਣਾ *1*

(d) ਹੇਠ ਲਿਖੇ ਬਹੁਤੇ ਸ਼ਬਦਾਂ ਦੀ ਥਾਂ, ਇਕ-ਇਕ ਸ਼ਬਦ ਲਿਖੋ : *1×10=10*

(i) ਕੁੜੀਆਂ ਦੇ ਇੱਕਠੀਆਂ ਬੈਠ ਕੇ ਚਰਖਾ ਕੱਤਣ ਦੀ ਥਾਂ *1*

(ii) ਦੋ ਦਰਿਆਵਾਂ ਦੇ ਵਿਚਕਾਰਲਾ ਖਿੱਤਾ *1*

(iii) ਭੇਡਾਂ-ਬੱਕਰੀਆਂ ਚਰਾਉਣ ਵਾਲਾ ਬੰਦਾ *1*

(iv) ਹਫ਼ਤੇ ਬਾਅਦ ਛਪਣ ਵਾਲਾ ਅਖ਼ਬਾਰ *1*

(v) ਸੱਸ ਦੀ ਸੱਸ *1*

(vi) ਖੇਤੀ ਯੋਗ ਉਹ ਜ਼ਮੀਨ ਜਿਸ ਦੀਆਂ ਫ਼ਸਲਾਂ ਨੂੰ ਪਾਣੀ ਨਹੀਂ ਲਗਦਾ *1*

(vii) ਹਾਥੀ ਨੂੰ ਕੰਟਰੋਲ ਵਿਚ ਰੱਖਣ ਵਾਲਾ ਅਸਵਾਰ *1*

(viii) ਹੱਥ ਦੇਖ ਕੇ ਭਵਿਖ ਦੱਸਣ ਵਾਲਾ ਬੰਦਾ *1*

(ix) ਉਹ ਥਾਂ, ਜਿਥੇ ਬਹੁਤ ਸਾਰੇ ਰੁੱਖ ਆਪੇ ਉੱਗੇ ਹੋਣ *1*

(x) ਬੇੜੀ ਰਾਹੀਂ ਦਰਿਆ ਪਾਰ ਕਰਨ ਵਾਲੀ ਥਾਂ *1*